# ਪ੍ਰਧਾਨ ਮੰਤਰੀ ਨੇ ਜੌਰਡਨ ਦੇ ਮਹਾਮਹਿਮ ਸ਼ਾਹ ਅਬਦੁੱਲਾ II ਨਾਲ ਮੁਲਾਕਾਤ ਕੀਤੀ

15 ਦਸੰਬਰ 2025

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਅੱਜ ਜੌਰਡਨ ਦੇ ਮਹਾਮਹਿਮ ਰਾਜਾ ਅਬਦੁੱਲਾ II ਨਾਲ ਮੁਲਾਕਾਤ ਕੀਤੀ। ਅਲ ਹੁਸੈਨੀਆ ਪੈਲੇਸ ਪਹੁੰਚਣ 'ਤੇ, ਮਹਾਮਹਿਮ ਰਾਜਾ ਅਬਦੁੱਲਾ II ਨੇ ਪ੍ਰਧਾਨ ਮੰਤਰੀ ਦੀ ਗਰਮਜੋਸ਼ੀ ਨਾਲ ਅਗਵਾਨੀ ਕੀਤੀ ਅਤੇ ਉਨ੍ਹਾਂ ਦਾ ਰਸਮੀ ਸਵਾਗਤ ਕੀਤਾ।

2. ਦੋਵੇਂ ਲੀਡਰਾਂ ਨੇ ਸੀਮਿਤ ਅਤੇ ਵਫ਼ਦ ਪੱਧਰ 'ਤੇ ਮੁਲਾਕਾਤ ਕੀਤੀ। ਉਨ੍ਹਾਂ ਨੇ ਆਪਣੀਆਂ ਪਿਛਲੀਆਂ ਬੈਠਕਾਂ ਅਤੇ ਗੱਲਬਾਤ ਨੂੰ ਨਿੱਘੇ ਭਾਵਾਂ ਨਾਲ ਯਾਦ ਕੀਤਾ ਅਤੇ ਦੋਵਾਂ ਦੇਸ਼ਾਂ ਵੱਲੋਂ ਸਾਂਝੇ ਕੀਤੇ ਗਏ ਨਿੱਘੇ ਅਤੇ ਇਤਿਹਾਸਕ ਸੰਬੰਧਾਂ ਨੂੰ ਰੇਖਾਂਕਿਤ ਕੀਤਾ। ਉਨ੍ਹਾਂ ਨੇ ਇਸ ਗੱਲ 'ਤੇ ਗੌਰ ਕੀਤਾ ਕਿ ਯਾਤਰਾ, ਅਜਿਹੇ ਸਮੇਂ ਹੋ ਰਹੀ ਹੈ ਜਦੋਂ ਦੋਵੇਂ ਦੇਸ਼ ਆਪਣੇ ਕੂਟਨੀਤਿਕ ਸੰਬੰਧਾਂ ਦੀ ਸਥਾਪਨਾ ਦੇ 75 ਸਾਲਾਂ ਦਾ ਜਸ਼ਨ ਮਨਾ ਰਹੇ ਹਨ, ਜੋ ਇਸ ਨੂੰ ਇਤਿਹਾਸਕ ਬਣਾਉਂਦਾ ਹੈ. ਪ੍ਰਧਾਨ ਮੰਤਰੀ ਨੇ ਭਾਰਤ-ਜੌਰਡਨ ਸੰਬੰਧਾਂ ਨੂੰ ਮਜ਼ਬੂਤ ਕਰਨ ਦੀ ਉਹਨਾਂ ਦੀ ਵਚਨਬੱਧਤਾ ਲਈ ਮਹਾਮਹਿਮ ਦੀ ਪ੍ਰਸ਼ੰਸਾ ਕੀਤੀ। ਮਹਾਮਹਿਮ ਨੇ ਅੱਤਵਾਦ ਵਿਰੁੱਧ ਭਾਰਤ ਦੀ ਲੜਾਈ ਲਈ ਮਜ਼ਬੂਤ ਸਮਰਥਨ ਦਿੱਤਾ ਅਤੇ ਅੱਤਵਾਦ ਦੇ ਸਾਰੇ ਰੂਪਾਂ ਅਤੇ ਢੰਗਾਂ ਦੀ ਸਖ਼ਤ ਨਿੰਦਾ ਕੀਤੀ। ਪ੍ਰਧਾਨ ਮੰਤਰੀ ਨੇ ਅੱਤਵਾਦ, ਉਗਰਵਾਦ ਅਤੇ ਕੱਟੜਪੰਥ ਨਾਲ ਨਜਿੱਠਣ ਵਿੱਚ ਮਹਾਮਹਿਮ ਦੀ ਅਗਵਾਈ ਅਤੇ ਇਨ੍ਹਾਂ ਬੁਰਾਈਆਂ ਖ਼ਿਲਾਫ਼ ਵਿਸ਼ਵ ਪੱਧਰੀ ਸੰਘਰਸ਼ ਵਿੱਚ ਉਨ੍ਹਾਂ ਦੇ ਯੋਗਦਾਨ ਦੀ ਸ਼ਲਾਘਾ ਕੀਤੀ। ਦੋਹਾਂ ਲੀਡਰਾਂ ਨੇ ਵਪਾਰ ਅਤੇ ਨਿਵੇਸ਼, ਰੱਖਿਆ ਅਤੇ ਸੁਰੱਖਿਆ, ਨਵਿਆਉਣਯੋਗ ਊਰਜਾ, ਖਾਦਾਂ ਅਤੇ ਖੇਤੀਬਾੜੀ, ਨਵੀਨਤਾ, ਸੂਚਨਾ ਤਕਨਾਲੋਜੀ ਅਤੇ ਡਿਜੀਟਲ ਤਕਨਾਲੋਜੀ, ਮਹੱਤਵਪੂਰਨ ਖਣਿਜ, ਬੁਨਿਆਦੀ ਢਾਂਚਾ, ਸਿਹਤ ਅਤੇ ਫਾਰਮਾ, ਸਿੱਖਿਆ ਅਤੇ ਸਮਰੱਥਾ ਨਿਰਮਾਣ, ਸੈਰ-ਸਪਾਟਾ ਅਤੇ ਵਿਰਾਸਤ; ਅਤੇ ਸੱਭਿਆਚਾਰ ਅਤੇ ਲੋਕਾਂ ਵਿਚਕਾਰ ਦੇ ਆਪਸੀ ਸੰਬੰਧਾਂ ਦੇ ਖੇਤਰਾਂ ਵਿੱਚ ਦੋਵਾਂ ਦੇਸ਼ਾਂ ਦਰਮਿਆਨ ਸੰਬੰਧਾਂ ਨੂੰ ਹੋਰ ਡੂੰਘਾ ਕਰਨ ਦੇ ਤਰੀਕਿਆਂ ਬਾਰੇ ਚਰਚਾ ਕੀਤੀ। ਭਾਰਤ ਦੇ ਜੌਰਡਨ ਦਾ 3ਜਾ ਸਭ ਤੋਂ ਵੱਡਾ ਵਪਾਰਕ ਸਾਂਝੇਦਾਰ ਹੋਣ ਵੱਲ ਧਿਆਨ ਖਿੱਚਦੇ ਹੋਏ ਪ੍ਰਧਾਨ ਮੰਤਰੀ ਨੇ ਦੋਵਾਂ ਦੇਸ਼ਾਂ ਨੂੰ ਅਗਲੇ 5 ਸਾਲਾਂ ਵਿੱਚ ਦੁਵੱਲੇ ਵਪਾਰ ਨੂੰ US$5 ਅਰਬ ਤੱਕ ਵਧਾਉਣ ਦਾ ਟੀਚਾ ਰੱਖਣ ਦਾ ਪ੍ਰਸਤਾਵ ਦਿੱਤਾ. ਉਨ੍ਹਾਂ ਜੋਰਡਨ ਦੀ ਡਿਜੀਟਲ ਭੁਗਤਾਨ ਪ੍ਰਣਾਲੀ ਅਤੇ ਭਾਰਤ ਦੇ ਯੂਨਾਈਟਿਡ ਪੇਮੈਂਟਸ ਇੰਟਰਫੇਸ (UPI) ਦੇ ਵਿਚਕਾਰ ਸਹਿਯੋਗ ਦਾ ਸੱਦਾ ਵੀ ਦਿੱਤਾ। ਜੌਰਡਨ ਭਾਰਤ ਵਿੱਚ ਖਾਦਾਂ ਦਾ ਇੱਕ ਮਹੱਤਵਪੂਰਣ ਸਪਲਾਇਰ ਹੈ, ਅਤੇ ਦੋਵਾਂ ਧਿਰਾਂ ਦੀਆਂ ਕੰਪਨੀਆਂ ਭਾਰਤ ਵਿੱਚ ਫਾਸਫੇਟਿਕ ਖਾਦਾਂ ਦੀ ਵਧਦੀ ਮੰਗ ਨੂੰ ਪੂਰਾ ਕਰਨ ਲਈ ਜੌਰਡਨ ਵਿੱਚ ਹੋਰ ਵੱਡੇ ਨਿਵੇਸ਼ ਲਈ ਚਰਚਾ ਕਰ ਰਹੀਆਂ ਹਨ।

3. ਲੀਡਰਾਂ ਨੇ ਖੇਤਰ ਵਿੱਚ ਹੋਈ ਘਟਨਾਵਾਂ ਅਤੇ ਹੋਰ ਗਲੋਬਲ ਮੁੱਦਿਆਂ 'ਤੇ ਦ੍ਰਿਸ਼ਟੀਕੋਣਾਂ ਨੂੰ ਸਾਂਝਾ ਕੀਤਾ। ਉਨ੍ਹਾਂ ਨੇ ਖੇਤਰ ਵਿੱਚ ਸ਼ਾਂਤੀ ਅਤੇ ਸਥਿਰਤਾ ਨੂੰ ਬਹਾਲ ਕਰਨ ਦੇ ਮਹੱਤਵ ਨੂੰ ਦੁਹਰਾਇਆ। ਪ੍ਰਧਾਨ ਮੰਤਰੀ ਨੇ ਖੇਤਰ ਵਿੱਚ ਸਥਾਈ ਸ਼ਾਂਤੀ ਪ੍ਰਾਪਤ ਕਰਨ ਲਈ ਕੀਤੇ ਜਾ ਰਹੇ ਯਤਨਾਂ ਲਈ ਭਾਰਤ ਦੇ ਸਮਰਥਨ ਦੀ ਪੁਸ਼ਟੀ ਕੀਤੀ।

4. ਯਾਤਰਾ ਦੇ ਮੌਕੇ ਤੇ, ਦੋਵਾਂ ਧਿਰਾਂ ਨੇ ਸੱਭਿਆਚਾਰ, ਨਵਿਆਉਣਯੋਗ ਊਰਜਾ, ਜਲ ਪ੍ਰਬੰਧਨ, ਡਿਜ਼ੀਟਲ ਜਨਤਕ ਬੁਨਿਆਦੀ ਢਾਂਚੇ ਅਤੇ ਪੈਟਰਾ ਅਤੇ ਐਲੋਰਾ ਦੇ ਵਿਚਕਾਰ ਜੁੜਵਾਂ ਵਿਵਸਥਾ ਦੇ ਖੇਤਰਾਂ ਵਿੱਚ ਸਮਝੌਤਿਆਂ ਨੂੰ ਅੰਤਿਮ

ਰੂਪ ਦਿੱਤਾ. MoU ਦੀ ਪੂਰੀ ਸੂਚੀ ਇੱਥੇ ਦੇਖੀ ਜਾ ਸਕਦੀ ਹੈ [ਲਿੰਕ]। ਇਹ ਸਮਝੌਤੇ ਭਾਰਤ-ਜੌਰਡਨ ਦੇ ਦੁਵੱਲੇ ਸੰਬੰਧਾਂ ਅਤੇ ਮਿੱਤਰਤਾ ਨੂੰ ਵੱਡਾ ਹੁਲਾਰਾ ਦੇਣਗੇ। ਗੱਲਬਾਤ ਤੋਂ ਬਾਅਦ ਮਹਾਮਹਿਮ ਰਾਜਾ ਅਬਦੁੱਲਾ II ਨੇ ਪ੍ਰਧਾਨ ਮੰਤਰੀ ਦੇ ਸਨਮਾਨ ਵਿੱਚ ਰਾਤ ਦੇ ਖਾਣੇ ਦਾ ਆਯੋਜਨ ਕੀਤਾ। ਪ੍ਰਧਾਨ ਮੰਤਰੀ ਨੇ ਮਹਾਮਹਿਮ ਨੂੰ ਭਾਰਤ ਦਾ ਦੌਰਾ ਕਰਨ ਲਈ ਸੱਦਾ ਦਿੱਤਾ ਜਿਸ ਨੂੰ ਉਨ੍ਹਾਂ ਨੇ ਸਵੀਕਾਰ ਕੀਤਾ।

ਅੱਮਾਨ

15 ਦਸੰਬਰ 2025